ਤੁਰੰਤ ਰਿਲੀਜ ਲਈ

# ਨਾਗਰਿਕ ਐਡਵਾਈਜਰੀ ਕਮੇਟੀਆਂ, ਬੋਰਡਾਂ ਅਤੇ ਟ੍ਰਿਬਿਊਨਲਾਂ ਲਈ ਅਰਜ਼ੀਆਂ ਖੁੱਲ ਗਈਆਂ ਹਨ

***ਕਮਿਊਨਿਟੀ ਲਈ ਬ੍ਰੈਂਪਟਨ ਦੇ ਜੋਸ਼ੀਲੇ ਵਸਨੀਕਾਂ ਨੂੰ 2022-2026 ਟਰਮ ਵਾਸਤੇ ਅਪਲਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ***

ਬ੍ਰੈਂਪਟਨ, ਓਨਟੈਰੀਓ (2 ਫਰਵਰੀ, 2023) – ਸ਼ਹਿਰ ਦੇ ਨਿਰਮਾਣ ਵਾਸਤੇ ਜੋਸ਼ੀਲੇ ਅਤੇ ਸਾਡੀ ਕਮਿਊਨਿਟੀ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਦੇ ਇਛੁੱਕ ਵਸਨੀਕਾਂ ਨੂੰ, ਸਿਟੀ ਕਾਉਂਸਿਲ (City Council) ਦੀ 2022-2026 ਟਰਮ ਲਈ ਸਿਟੀ ਆਫ ਬ੍ਰੈਂਪਟਨ ਦੀਆਂ ਐਡਵਾਈਜਰੀ ਕਮੇਟੀਆਂ, ਬੋਰਡਾਂ ਅਤੇ ਟ੍ਰਿਬਿਊਨਲਾਂ ਵਾਸਤੇ ਅਪਲਾਈ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਇਹਨਾਂ ਗਰੁੱਪਾਂ ਦੇ ਮੈਂਬਰ, ਸਾਡੇ ਸ਼ਹਿਰ ਵਿੱਚ ਬਦਲਾਅ ਲਿਆਉਂਦੇ ਹਨ ਅਤੇ ਲੋਕਲ ਸਰਕਾਰ ਦੇ ਫੈਸਲਿਆਂ ਵਿੱਚ ਸਿੱਧੇ ਤੌਰ ਤੇ ਸ਼ਾਮਲ ਹੁੰਦੇ ਹਨ। ਐਡਵਾਈਜਰੀ ਕਮੇਟੀਆਂ, ਬੋਰਡ ਅਤੇ ਟ੍ਰਿਬਿਊਨਲ, ਬ੍ਰੈਂਪਟਨ ਵਾਸੀਆਂ ਲਈ ਮਹੱਤਵਪੂਰਨ ਮੁੱਦਿਆਂ ਬਾਰੇ ਮੇਅਰ ਅਤੇ ਕਾਉਂਸਿਲ ਨੂੰ ਸੂਚਿਤ ਕਰਨ ਵਿੱਚ ਮਦਦ ਕਰਦੇ ਹਨ। ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਜਨਤਾ ਦੀ ਭਾਗੀਦਾਰੀ, ਰਹਿਣ, ਕੰਮ ਕਰਨ ਅਤੇ ਖੇਡਣ ਦੀ ਸ਼ਾਨਦਾਰ ਥਾਂ ਬਣਾਉਣ ਲਈ ਮਹੱਤਵਪੂਰਣ ਹੈ।

ਹੇਠਾਂ ਦਿੱਤਿਆਂ ਲਈ ਅਰਜ਼ੀਆਂ ਹੁਣ ਖੁੱਲ ਗਈਆਂ ਹਨ:

**ਖਾਲੀ ਅਸਾਮੀਆਂ ਵਾਲੀਆਂ ਨਾਗਰਿਕ-ਅਧਾਰਤ ਐਡਵਾਈਜਰੀ ਕਮੇਟੀਆਂ ਅਤੇ ਬੋਰਡ:**

- ਐਕਸੈਸਿਬਿਲਿਟੀ ਐਡਵਾਈਜਰੀ ਕਮੇਟੀ
- ਐਕਟਿਵ ਟ੍ਰਾਂਸਪੋਰਟੇਸ਼ਨ ਐਡਵਾਈਜਰੀ ਕਮੇਟੀ
- ਬ੍ਰੈਂਪਟਨ ਹੈਰੀਟੇਜ ਬੋਰਡ
- ਬ੍ਰੈਂਪਟਨ ਲਾਇਬ੍ਰੇਰੀ ਬੋਰਡ
- ਬ੍ਰੈਂਪਟਨ ਕਮਿਊਨਿਟੀ ਸੇਫਟੀ ਐਡਵਾਈਜਰੀ ਕਮੇਟੀ
- ਬ੍ਰੈਂਪਟਨ ਸਕੂਲ ਟ੍ਰੈਫਿਕ ਸੇਫਟੀ ਕਾਉਂਸਿਲ
- ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਕਮੇਟੀ
- ਐਨਵਾਇਰਨਮੈਂਟ ਐਡਵਾਈਜਰੀ ਕਮੇਟੀ

ਐਡਜੂਡੀਕੇਟਿਵ ਕਮੇਟੀਜ, ਐਡਮਿਨਿਸਟ੍ਰੇਟਿਵ ਟ੍ਰਿਬਿਊਨਲਸ ਅਤੇ ਹੋਰ ਨਿਯੁਕਤੀਆਂ:

- ਐਡਮਿਨਿਸਟ੍ਰੇਟਿਵ ਮੋਨੈਟਰੀ ਪੈਨਲਟੀ ਸਿਸਟਮ ਹੀਅਰਿੰਗ ਰਿਵਿਊ ਅਫਸਰ
- ਬ੍ਰੈਂਪਟਨ ਅਪੀਲ ਟ੍ਰਿਬਿਊਨਲ
- ਕਮੇਟੀ ਆਫ ਐਡਜਸਟਮੈਂਟ
- ਇਲੈਕਸ਼ਨ ਕੰਪਲਾਇੰਸ ਔਡਿਟ ਕਮੇਟੀ
- ਪ੍ਰਾਪਰਟੀ ਸਟੈਂਡਰਡਸ ਕਮੇਟੀ

ਅਰਜ਼ੀ ਫਾਰਮਾਂ ਤੱਕ ਪਹੁੰਚ ਅਤੇ ਯੋਗਤਾਵਾਂ ਅਤੇ ਜ਼ਿੰਮੇਵਾਰੀਆਂ ਸਮੇਤ ਹੋਰ ਵੇਰਵਿਆਂ ਲਈ, ਇੱਥੇ ਕਲਿੱਕ ਕਰੋ (click here)। ਅਰਜ਼ੀਆਂ, 28 ਫਰਵਰੀ, 2023, ਸ਼ਾਮ 4:30 ਵਜੇ ਤੱਕ ਜਮ੍ਹਾਂ ਕੀਤੀਆਂ ਜਾਣੀਆਂ ਲਾਜ਼ਮੀ ਹਨ।

ਘੱਟੋ-ਘੱਟ ਤਿੰਨ ਕਾਉਂਸਿਲ ਮੈਂਬਰਾਂ ਦੀ ਕਮੇਟੀ, ਬਿਨੈਕਾਰਾਂ ਦਾ ਇੰਟਰਵਿਊ ਲਵੇਗੀ ਅਤੇ ਫੇਰ ਮਾਰਚ ਵਿੱਚ ਮੇਅਰ ਅਤੇ ਕਾਉਂਸਿਲ ਨੂੰ ਨਿਯੁਕਤੀਆਂ ਬਾਰੇ ਸਿਫਾਰਿਸ਼ਾਂ ਕਰੇਗੀ।

ਵਿਕਲਪਿਕ ਫੌਰਮੈਟ ਅਰਜ਼ੀਆਂ, ਬੇਨਤੀ ਕਰਨ ਤੇ ਉਪਲਬਧ ਹਨ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਸੰਪਰਕ ਕਰੋ:

**ਸਿਟੀ ਕਲਰਕ ਦਾ ਆਫਿਸ**

ਬ੍ਰੈਂਪਟਨ ਸਿਟੀ ਹਾਲ
2 ਵੈਲਿੰਗਟਨ ਸਟ੍ਰੀਟ ਵੈਸਟ, ਬ੍ਰੈਂਪਟਨ ON L6Y 4R2
905-874-2100, cityclerksoffice@brampton.ca

(Brampton City Hall
2 Wellington St W, Brampton, ON L6Y 4R2
905-874-2100, cityclerksoffice@brampton.ca)

**ਹਵਾਲਾ**

"ਨਾਗਰਿਕ ਨਿਯੁਕਤੀਆਂ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਕਿ ਅਸੀਂ ਭਵਿੱਖ ਲਈ ਕਿਵੇਂ ਯੋਜਨਾ ਬਣਾਉਂਦੇ ਹਾਂ। ਜਨਤਾ ਦੀ ਭਾਗੀਦਾਰੀ, ਸਹੀ ਸ਼ਾਸਨ ਅਤੇ ਵਾਧੇ ਲਈ ਜ਼ਰੂਰੀ ਹੈ। ਇਕੱਠੇ ਮਿਲਕੇ, ਅਸੀਂ ਬ੍ਰੈਂਪਟਨ ਨੂੰ ਸ਼ਾਨਦਾਰ ਬਣਾ ਸਕਦੇ ਹਾਂ। ਕਿਰਪਾ ਕਰਕੇ ਸਾਡੀ ਸਿਟੀ ਨੂੰ ਅੱਜ ਬਿਹਤਰ ਅਤੇ ਕੱਲ੍ਹ ਨੂੰ ਸੰਪੰਨ ਬਣਾਉਣ ਵਾਸਤੇ ਮਦਦ ਕਰਨ ਲਈ ਆਪਣਾ ਨਾਮ ਪੇਸ਼ ਕਰਨ ਬਾਰੇ ਸੋਚੋ।"

- *ਪੈਟਰਿਕ ਬ੍ਰਾਊਨ (Patrick Brown) ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca

BRAMPTON

Media Release